ੴ ਸਤਿਗੁਰ ਪ੍ਰਸਾਦਿ ॥


## ਗੁਰੂ ਨਾਨਕ ਦੇਵ ਮਿਸ਼ਨ

ਲੜੀ ਨੰ : 432


# ਸਿੱਖਾਂ ਦੀ ਜਨਮ ਭੂਮੀ

# ਸ੍ਰੀ ਨਨਕਾਣਾ ਸਾਹਿਬ


ਨਰੈਣ ਸਿੰਘ (ਐਮ. ਏ.)
ਸਾਬਕਾ ਮੈਨੇਜਰ (1932-1978)
ਨਨਕਾਣਾ ਸਾਹਿਬ ਐਸਟੇਟ



ਮੁੱਲ : ਇਕ ਰੁਪੈਆ

ਨਨਕਾਣਾ ..ਾਹਿਬ ਸਿਖਾਂ ਦੀ ਜਨਮ ਭੂਮੀ ਹੈ ਜੋ ਇਸ ਵੇਲੇ ਪਾਕਿਸਤਾਨ ਦੇ ਜ਼ਿਲ੍ਹਾ ਸ਼ੇਖੂਪੁਰ ਦੀ ਇਕ ਤਹਿਸੀਲ ਦਾ ਹੈਡ ਕੁਆਰਟਰ ਲਾਹੌਰ ਦੇ ਪੱਛਮ ਵਿਚ 80 ਕਿਲੋ ਮੀਟਰ ਦੂਰ ਅਤੇ ਦਰਿਆ ਰਾਵੀ ਦੇ ਉਤਰ ਵਿਚ 30 ਕੁ ਕਿਲੋਮੀਟਰ ਤੇ ਧਰਤੀ ਦੇ ਚੰਗੇ ਉਪਜਾਊ ਮੈਦਾਨ ਵਿਚ ਵਾਕਿਆ ਹੈ । ਇਸ ਦੇ ਨੇੜੇ ਇਕ ਵੱਡਾ ਥੇਹ ਹੈ ਜਿਸ ਨੂੰ ਧਉਲਰ ਦਾ ਨਾਮ ਦਿਤਾ ਗਿਆ ਹੋਇਆ ਹੈ। ਕਿਉਂਕਿ ਕਿਸੇ ਪਹਿਲੇ ਸਮੇਂ ਇਹ ਸ਼ਾਹੀ ਮਹਿਲ ਸੀ ਜੋ ਢਹਿ ਢੇਰੀ ਹੋ ਕੇ ਥੇਹ ਬਣ ਗਿਆ ਸੀ । ਥੇਹ ਤੋਂ ਅੱਧੇ ਕੁ ਕਿਲੋਮੀਟਰ ਦੀ ਵਾਟ ਤੇ ਸੀਤਾ ਵਾਲਾ ਨਾਮ ਦਾ ਖੂਹ ਹੈ। ਇਕ ਹੋਰ ਖੂਹ ਜਿਸ ਨੂੰ ਥਾਲੇ ਵਾਲਾ ਕਹਿੰਦੇ ਹਨ, ਥੇਹ ਦੇ ਚੜ੍ਹਦੇ ਵੱਲ ਨਾਲ ਲਗਦਾ ਹੀ ਹੈ : ਦੱਸਿਆ ਜਾਂਦਾ ਹੈ ਕਿ ਬਹੁਤ ਪਹਿਲੇ ਸਮੇਂ ਜਦੋਂ ਕੌਰਵਾਂ ਪਾਂਡਵਾਂ ਦੀਆਂ ਲੜਾਈਆਂ ਹੋਈਆਂ ਸਨ ਮੁਲਤਾਨ ਦੇ ਰਾਜਾ ਵਰਤ ਨੇ ਇਥੇ ਕੋਟਲੀ ਨਾਮ ਦੀ ਇਕ ਆਬਾਦੀ ਵਸਾਈ ਸੀ ਜੋ ਸਮਾਂ ਪਾ ਕੇ ਢਹਿ ਢੇਹੀ ਹੋ ਕੇ ਇਹ ਥੇਹ ਬਣ ਗਿਆ। ਇਹ ਪੰਦਰਵੀ ਸਦੀ ਦੀ ਗੱਲ ਹੈ। ਇਸ ਆਬਾਦੀ ਨੂੰ ਤਦੋਂ ਰਾਇ ਭੋਇ ਦੀ ਤਲਵੰਡੀ ਕਿਹਾ ਜਾਂਦਾ ਸੀ।ਇਸ ਥੇਹ ਉਪਰ ਮੁਸਲਮਾਨਾਂ ਦੀਆਂ ਕਬਰਾਂ ਹਨ ਜਿਨ੍ਹਾਂ ਵਿਚ ਇਕ ਕਬਰ ਰਾਇ ਬੁਲਾਰ ਦੀ ਹੈ ਜਿਸ ਦਾ ਵਡਕਾ ਰਾਇ ਭੋਇ ਸੀ।

ਤਲਵੰਡੀ ਦੇ ਆਂਬਾਦ ਹੋਣ ਸਮੇਂ ਏਥੇ ਇਕ ਕਲਿਆਨ ਦਾਸ ਨਾਮ ਦਾ ਆਦਮੀ ਜਿਸ ਨੂੰ ਕਾਲੂ ਕਰਕੇ ਬੁਲਾਇਆ ਜਾਂਦਾ ਸੀ ਰਹਿੰਦਾਂ ਸੀ। ਕਾਲੂ ਦੇ ਘਰ ਉਸ ਦੀ ਇਸਤ੍ਰੀ ਤ੍ਰਿਪਤਾ ਦੀ ਕੁਖ ਤੋਂ ਨਾਨਕ ਨਾਮ ਦੇ ਬਾਲਕ ਨੇ ਸੰਨ 1469 ਦੀ ਕਤਕ ਦੀ ਪੂਰਨਮਾਸ਼ੀ ਦੇ ਦਿਨ ਜਨਮ ਲਿਆ। ਨਾਨਕ ਦੀ ਵਡੀ ਭੈਣ ਦਾ ਜਨਮ ਉਸ ਦੇ ਨਾਨਕੇ ਘਰ ਜ਼ਿਲ੍ਹਾ ਲਾਹੌਰ ਦੇ ਪਿੰਡ ਚਾਹਲ ਵਿਚ ਹੋਇ ਹੋਣ ਕਰਕੇ ਪ੍ਰਚਲਤ ਨਾਮ ਨਾਨਕੀ ਪੈ ਗਿਆ ਹੋਇਆ ਸੀ ਜਿਸ ਪਿਛੋ ਇਸ ਬਾਲਕ ਦਾ ਨਾਮ ਨਾਨਕ ਪੈ ਗਿਆ, ਨਾਨਕ ਹਾਲ ਸਤ ਸਾਲ ਦਾ ਸੀ ਜਦੋਂ ਉਸ ਨੂੰ ਪੰਡਤ ਗਪਾਲ ਦਾਸ ਪਾਸ ਪੜ੍ਹਨੇ ਪਾਇਆ ਗਿਆ, ਇਸ ਥਾਂ ਜਿਥੇ ਪੰਡਤ ਗੋਪਾਲ ਦਾਸ ਪਾਸ ਬਾਲ ਨਾਨਕ ਪੜ੍ਹਨੇ ਪਿਆ ਦੀ ਯਾਦ ਵਿਚ ਪਟੀ ਸਾਹਿਬ ਨਾਮ ਦਾ ਗੁਰਦੁਆਰਾ ਮੌਜੂਦ ਹੈ ਇਸ ਤੋਂ ਥੋੜ੍ਹਾ ਅੱਗੇ ਗੁਰਦੁਆਰਾ ਬਾਲ ਲੀਲਾ ਨਾਮ ਦਾ ਗੁਰਦੁਆਰਾ ਹੈਜਿਥੇ ਬਾਲ ਨਾਨਕ ਨੇ ਆਪਣੇ ਬਚਪਨ ਦੀਆਂ ਖੇਡਾਂ ਖੇਡੀਆਂ। ਇਹ ਤਿੰਨ ਯਾਦਗਿਰੀ ਸਥਾਨ ਅਥਵਾ ਕਾਲੂ ਦਾ ਕੋਠਾ ਜਿਥੇ ਨਾਨਕ ਨੇ ਜਨਮ ਲਿਆ, ਪੱਟੀ ਸਾਹਿਬ ਤੇ ਬਾਲ ਲੀਲਾ ਮਹਾਰਾਜਾ ਰਣਜੀਤ ਸਿੰਘ ਦੀ ਆਗਿਆ ਅਧੀਨ ਬਾਬਾ ਗੁਰਬਖਸ਼ ਸਿੰਘ ਨਾਮ ਦੇ ਸੱਜਣ ਨੇ ਬਣਵਾਏ ਸਨ।

ਉਸ ਅਵਸਥਾ ਵਿਚ ਨਾਨਕ ਦੀ ਬੁਧ ਏਨੀ ਤੀਖਣ ਸੀ ਕਿ ਉਸ ਨੇ ਪੰਡਤ ਪਾਸੋਂ ਪੈਂਤੀਸ ਅੱਖਰੀ ਦੇ ਹਰ ਅੱਖਰ ਦੇ ਅਰਥ ਪੁਛਣੇ ਸ਼ੁਰੂ ਕੀਤੇ ਜਿਸ ਨੇ ਪੰਡਤ ਨੂੰ ਹੈਰਾਨ ਤੇ ਲਾਜਵਾਬ ਕਰ ਦਿਤਾ। ਇਸ ਪਿਛੋਂ ਹਾਲਾਂ ਉਹ ਨੌਂ ਸਾਲ ਦਾ ਸੀ ਜਦੋਂ ਹਿੰਦੂ ਰੀਤੀ ਅਨੁਸਾਰ ਪੰਡਤ

ਹਰਦਿਆਲ ਨਾਨਕ ਨੂੰ ਜਨੇਊ ਪਾਉਣ ਆਇਆ ਤਾਂ ਉਨਾਂ ਨੇ ਇਹ ਕਹਿਕੇ ਜਨੇਊ ਪਾਉਣੋ ਨਾ ਕਰ ਦਿਤੀ ਕਿ ਇਹ ਜਨੇਊ ਤਾਂ ਮੇਰੇ ਨਾਲ ਨਹੀਂ ਜਾਏਗਾ ਇਹ ਤਾਂ ਮੇਰੀ ਮੌਤ ਹੋ ਜਾਣ ਤੇ ਸਰੀਰ ਦੇ ਨਾਲ ਹੀ ਸੜ ਕੇ ਸੁਆਹ ਹੋ ਜਾਏਗਾ। ਜੇ ਜਨੇਊ ਪਾਉਣਾ ਹੈ ਤਾਂ ਐਸਾ ਜਨੇਊ ਪਾਓ ਜੋ ਹਮੇਸ਼ਾਂ ਨਾਲ ਨਿਭੇ ਅਤੇ ਐਸੇ ਜਨੇਊ ਦੀ ਵਿਆਖਿਆ ਇਉਂ ਕਰਕੇ ਦੱਸੀ :

ਦਇਆ ਕਪਾਹ ਸੰਤੋਖ ਸੂਤ ਜਤ ਗੰਢੀ ਸਤਿ ਵਟ
ਇਹੁ ਜਨੇਊ ਜੀਅ ਕਾ ਹਈ ਤਾਂ ਪਾਂਡੇ ਘਤਿ
ਨ ਇਹ ਤੁਟਹਿ ਨ ਮਲ ਲਗੇ ਨ ਇਹ ਜਲੇ ਨ ਜਾਇ
ਧੰਨ ਸੋ ਮਾਣਸ ਨਾਨਕਾ ਜੋ ਗਲ ਚਲਹਿ ਪਾਇ।

ਜਦੋਂ ਬਾਲ ਨਾਨਕ ਥੋੜ੍ਹਾ ਵਡੇਰਾ ਹੋਇਆ ਤਾਂ ਪਿਤਾ ਮਹਿਤਾ ਨੇ ਘਰ ਦੇ ਡੰਗਰ ਚੁਗਾ ਲਿਆਉਣ ਦੇ ਕੰਮ ਦੀ ਉਸ ਨੂੰ ਸਉਂਪਣਾ ਕੀਤੀ। ਨਾਨਕ ਜੀ ਡੰਗਰ ਚੁਗਦੇ ਛਡ ਉਥੇ ਇਕ ਵਣ ਜਾਂ ਮਾਲ ਦੀ ਛਾਂਵੇ ਬੈਠੇ ਰਹਿੰਦੇ ਅਤੇ ਕਦੀ ਲੇਟ ਤੇ ਸੌਂ ਭੀ ਜਾਂਦੇ। ਇਕ ਦਿਨ ਸੁਤੇ ਪਏ ਨਾਨਕ ਦੇ ਮੂੰਹ ਤੇ ਦਿਨ ਢਲ ਜਾਣ ਕਾਰਨ ਧੁਪ ਪੈ ਗਈ ਤਾਂ ਇਕ ਫਨੀਅਰ ਨਾਗ ਨੇ ਨੇੜੇ ਹੀ ਖੁਡ ਵਿਚੋਂ ਨਿਕਲ ਕੇ ਆਪਣੀ ਛਜ਼ਲੀ ਖਿਲਾਰ ਸੁਤੇ ਹੋਏ ਨਾਨਕ ਦੇ ਮੂੰਹ ਪਰ ਛਾਂ ਕਰ ਦਿਤੀ। ਇਤਫਾਕ ਨਾਲ ਤਲਵੰਡੀ ਦਾ ਹਾਕਮ ਰਾਇ ਬੁਲਾਰ ਉਸ ਜਮੇਂ ਉਥੋਂ ਲੰਘ ਰਿਹਾ ਸੀ। ਉਸ ਨੇ ਇਹ ਕੌਤਕ ਵੇਖਿਆ ਅਤੇ ਇਹ ਜਾਂਚ ਕੇ ਕਿ ਨਾਨਕ ਨੂੰ ਫਨੀਅਰ ਨੇ ਡਸ ਲਿਆ ਹੋਵੇਗਾ ਅੱਗੇ ਵਧਿਆ। ਰਾਇ ਬੁਲਾਰ ਨੂੰ ਆਉਂਦਾ ਵੇਖ ਸਪ ਤਾਂ ਖੁਡ ਵਿਚ ਛੁਪ ਗਿਆ

ਪਰ ਉਸ ਦੇ ਪੈਰਾਂ ਦੇ ਖੜਕ ਨੇ ਨਾਨਕ ਨੂੰ ਜਗਾ ਦਿਤਾ ਅਤੇ ਉਹ ਉਠ ਖੜ੍ਹਾ ਹੋਇਆ। ਇਸ ਕੌਤਕ ਨੂੰ ਵੇਖ ਰਾਇ ਬੁਲਾਰ ਅਤਿ ਹੈਰਾਨ ਤੇ ਖੁਸ਼ ਭੀ ਸੀ ਕਿ ਨਾਨਕ ਨੂੰ ਸਪ ਨੇ ਡਸਿਆ ਨਹੀਂ ਸੀ। ਮਾਲ (ਵਣ) ਦਾ ਬਿਰਛ ਜਿਸ ਦੀ ਛਾਂਵੇਂ ਨਾਨਕ ਸੁਤਾ ਸੀ ਅਜ ਭੀ ਉਥੇ ਮੌਜੂਦ ਹੈ ਇਸ ਕੌਤਕ ਦੀ ਯਾਦ ਵਿਚ ਨਾਨਕ ਨਾਮ ਲੇਵਾ ਲੋਕਾਂ ਨੇ ਉਸ ਜਗ੍ਹਾ ਮਾਲ ਸਾਹਿਬ ਨਾਮ ਦਾ ਅਸਥਾਨ ਬਣਾਇਆ ਹੈ।

ਇਕ ਹੋਰ ਦਿਨ ਜਦੋਂ ਬਾਲ ਨਾਨਕ ਮਾਲ ਸਾਹਿਬ ਤੋਂ ਥੋੜ੍ਹਾ ਚੜ੍ਹਦੇ ਵੱਲ ਡੰਗਰ ਚੁਗਾ ਰਹੇ ਸਨ ਤਾਂ ਡੰਗਰਾਂ ਨੇ ਇਕ ਜੱਟ ਦੇ ਲਹਿ ਲਹਾਂਦੇ ਫ਼ਸਲ ਦਾ ਖੇਤ ਉਜਾੜ ਦਿਤਾ ਉਸ ਜੱਟ ਨੇ ਰਾਇ ਬੁਲਾਰ ਦੇ ਪਾਸ ਇਸ ਦੀ ਸ਼ਿਕਾਇਤ ਕੀਤੀ ਜਿਸ ਨੇ ਸਰਕਾਰੀ ਆਦਮੀ ਭੇਜ ਕੇ ਇਸ ਦੀ ਪੜਤਾਲ ਕਰਾਈ ਪਰ ਪੜਤਾਲ ਵਿਚ ਕੋਈ ਨੁਕਸਾਨ ਹੋਇਆ ਨਾ ਪਾਇਆ ਗਿਆ। ਇਸ ਕੌਤਕ ਦੀ ਯਾਦ ਵਿਚ ਉਸ ਥਾਉਂ ਇਕ ਅਸਥਾਨ ਕਾਇਮ ਹੈ ਜਿਸ ਨੂੰ ਕਿਆਰਾ ਸਾਹਿਬ ਦਾ ਨਾਮ ਦਿਤਾ ਗਿਆ ਹੋਇਆ ਹੈ। ਇਹ ਥਾਂ ਮਾਲ ਸਾਹਿਬ ਤੋਂ ਚੜ੍ਹਦੇ ਵੱਲ ਅੱਧਾ ਕੁ ਕਿਲੋਮੀਟਰ ਦੀ ਵਾਟ ਤੇ ਹੈ।

ਨਨਕਾਣਾ ਸਾਹਿਬ ਵਿਚ ਇਕ ਹੋਰ ਯਾਦਗਿਰੀ ਸਥਾਨ ਤੰਬੂ ਸਾਹਿਬ ਦੇ ਨਾਮ ਦਾ ਗੁਰੂ ਨਾਨਕ ਦੇ ਜਨਮ ਵਾਲੇ ਸਥਾਨ ਤੋਂ ਅਠ ਕੁ ਸੌ ਕਿਲੋਮੀਟਰ ਦੂਰ ਚੜ੍ਹਦੇ ਵੱਲ ਹੈ। ਇਥੇ ਇਕ ਬਹੁਤ ਵਡਾ ਵਣ ਦਾ ਬਿਰਛ ਤੰਬੂ ਸਮਾਨ ਜ਼ਮੀਨ ਤੇ ਵਿਛਿਆ ਹੋਇਆ ਹੈ।

ਜਦੋਂ ਨਾਨਕ ਜੀ ਥੋੜ੍ਹਾ ਜਵਾਨ ਹੋਏ ਤਾਂ ਪਿਤਾ ਮਹਿਤਾ ਕਾਲੂ ਨੇ ਆਪ ਨੂੰ ਵੀਹ ਰੁਪਏ ਦੇ ਕੇ ਭੇਜਿਆ ਕਿ ਕੋਈ ਖਰਾ ਜੇਹਾ ਸੌਦਾ ਕਰਨ ਜਿਸ ਤੋਂ ਘਣਾ ਲਾਭ ਹੋਵੇ ਅਤੇ ਉਨ੍ਹਾਂ ਨੂੰ ਅੰਞਾਣਾ ਜਾਣਦੇ ਹੋਏ ਭਾਈ ਬਾਲੇ ਨੂੰ ਨਾਲ ਭੇਜਿਆ। ਆਪ ਚੂਹੜਕਾਣੇ ਦੀ ਤਰਫ ਗਏ। ਰਸਤੇ ਵਿਚ ਕੁਝ ਸਾਧੂ ਬੈਠੇ ਮਿਲੇ ਜੋ ਕਈ ਦਿਨਾ ਤੋਂ ਭੁਖੇ ਤੇ ਨੰਗ ਮਲੰਗੇ ਸਨ। ਨਾਨਕ ਜੀ ਨੂੰ ਉਨ੍ਹਾਂ ਦੀ ਅਜੇਹੀ ਦਸ਼ਾ ਤੇ ਤਰਸ ਆਇਆ ਅਤੇ ਉਨ੍ਹਾਂ ਭਾਈ ਬਾਲੇ ਨੂੰ ਵੀਹ ਰੁਪੈ ਦੇ ਕੇ ਉਨ੍ਹਾਂ ਦੇ ਖਾਣ ਲਈ ਕੋਈ ਪਦਾਰਥ ਖ੍ਰੀਦ ਲਿਆਉਣ ਲਈ ਭੇਜਿਆ ਅਤੇ ਉਨ੍ਹਾਂ ਭੁਖੇ ਸਾਧੂਆਂ ਨੂੰ ਰੋਟੀ ਖੁਆ ਕੇ ਵਾਪਸ ਪਰਤੇ। ਭਾਈ ਬਾਲੇ ਨੇ ਉਨਾਂ ਨੂੰ ਕਿਹਾ ਕਿ ਮਹਿਤਾ ਕਾਲੂ ਨੇ ਤਾਂ ਇਹ ਰੁਪੈ ਕੋਈ ਖਰਾ ਜਿਹਾ ਸੌਦਾ ਕਰਨ ਲਈ ਦਿਤੇ ਸਨ ਤਾਂ ਨਾਨਕ ਜੀ ਨੇ ਕਿਹਾ ਕਿ ਭੁਖੇ ਸਾਧੂਆਂ ਨੂੰ ਰੋਟੀ ਖੁਆਉਣ ਤੋਂ ਵਧੇਰਾ ਖਰਾ ਸੌਦਾ ਕੀ ਹੋ ਸਕਦਾ ਹੈ। ਇਉਂ ਵੀਹ ਰੁਪੈ ਖਰਚ ਕੇ ਵਾਪਸ ਪਰਤੇ ਪਰ ਘਰ ਜਾਣ ਦੀ ਬਜਾਏ ਆਪ ਤੰਬੂ ਸਾਹਿਬ ਵਾਲੀ ਥਾਂ ਬੈਠ ਰਹੇ। ਜਿਥੋਂ ਭੈਣ ਬੇਬੇ ਨਾਨਕੀ ਉਨ੍ਹਾਂ ਨੂੰ ਉਠਾ ਕੇ ਘਰ ਲੈ ਗਈ।

ਤੰਬੂ ਸਾਹਿਬ ਦੇ ਨੇੜੇ ਹੀ ਸੌ ਕੁ ਕਿਲੋਮੀਟਰ ਦੀ ਵਾਟ ਤੇ ਇਕ ਯਾਦਗਿਰੀ ਗੁਰੂ ਅਸਥਾਨ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ ਵਿਚ ਵੀ ਹੈ ਜਿਥੇ ਆਪ ਕਸ਼ਮੀਰ ਤੋਂ ਮੁੜਦੇ ਹੋਇ ਠਹਿਰੇ ਸਨ। ਇਉਂ ਨਨਕਾਣਾ ਸਾਹਬ ਵਿਚ ਸਤਗੁਰ ਅਸਥਾਨ ਸਮੇਏ ਹੋਇ ਸਿਧ ਹੁੰਦੇ ਹਨ ਜਿਨਾਂ ਦੇ ਨਾਮ ਹਨ : ਜਨਮ ਅਸਥਾਨ ਪੱਟੀ ਸਾਹਿਬ, ਬਾਲ ਲੀਲਾ, ਮਾਲ ਸਾਹਿਬ, ਕਿਆਰਾ ਸਾਹਿਬ, ਤੰਬੂ ਸਾਹਿਬ,

ਅਤੇ ਗੁਰਦੁਆਰਾ ਛੇਵੀਂ ਪਾਤਸ਼ਾਹੀ ਗੁਰੂ ਹਰਿਗਬਿੰਦ ਸਾਹਿਬ।

ਦੇਸ ਅੰਦਰ ਇਹ ਲੋਧੀ ਘਰਾਣੇ ਦਾ ਰਾਜ ਦਾ ਸਮਾਂ ਸੀ ਅਤੇ ਨਵਾਬ ਦੌਲਤ ਖਾਂ ਲੋਧੀ ਦੀ ਹਕੂਮਤ ਸੀ ਜਿਸ ਦੀ ਰਾਜਧਾਨੀ ਸੁਲਤਾਨਪੁਰ ਲੋਧੀ ਸੀ। ਉਨ੍ਹਾਂ ਸਾਰਿਆਂ ਵਿਚ ਵਧੇਰਾ ਲੈਣ ਦੇਣ ਨਕਦੀ ਦੀ ਬਜਾਏ ਜਿਣਸ ਵਿਚ ਹੁੰਦਾ ਸੀ ਜਿਸ ਦੇ ਲਈ ਹਕੂਮਤ ਵਲੋਂ ਜਿਣਸ ਦੇ ਸਟੋਰ ਭੰਡਾਰ ਹੁੰਦੇ, ਜਿਨ੍ਹਾਂ ਨੂੰ ਮੋਦੀ ਖਾਨਾ ਕਿਹਾ ਜਾਂਦਾ। ਅਜੇਹਾ ਇਕ ਭੰਡਾਰ ਸੁਲਤਾਨਪੁਰ ਵੀ ਸੀ। ਨਾਨਕ ਜੀ ਦੀ ਵੱਡੀ ਭੈਣ ਬੇਬੇ ਨਾਨਕੀ ਸੁਲਤਾਨਪੁਰ ਵਿਆਹੀ ਹੋਈ ਸੀ ਜਿਸ ਦੇ ਪਤੀ ਜੈ ਰਾਮ ਨੇ ਨਾਨਕ ਨੂੰ ਸੁਲਤਾਨ ਪੁਰ ਦੇ ਮੋਦੀ ਖਾਨੇ ਦਾ ਮੋਦੀ ਲਗਵਾ ਦਿਤਾ ਸੀ, ਦਿਨਾਂ ਵਿਚ ਹੀ ਨਾਨਕ ਮੋਦੀ ਨੇ ਪੂਰੇ ਤੋਲ ਅਤੇ ਮਿਠੇ ਬੋਲ ਦੀ ਚੰਗੀ ਵਜ ਵਜ ਗਈ। ਏਥੇ ਹੁੰਦੇ ਹੀ ਨਾਨਕ ਦਾਂ ਵਿਆਹ ਬਟਾਲੇ ਦੇ ਮੂਲ ਚੰਦ ਦੀ ਸਪੁਤਰੀ ਸੁਲੱਖਨੀ ਨਾਲ ਹੋ ਗਿਆ ਸੀ। ਸੁਲਤਾਨ ਪੁਰ ਦੇ ਲਾਗੇ ਇਕ ਨਦੀ ਵਗਦੀ ਸੀ ਜਿੱਥੇ ਹਰ ਰੋਜ ਸਵੇਰੇ ਨਾਨਕ ਇਸ਼ਨਾਨ ਕਰਨ ਜਾਂਦੇ ਅਤੇ ਇਸ਼ਨਾਨ ਪਿਛੋਂ ਹਾਂ ਆ ਕੇ ਆਪਣੀ ਹਟ ਅਥਵਾ ਮੋਦੀ ਖਾਨੇ ਦਾ ਬੂਹਾ ਖੋਲਦੇ। ਨਾਨਕ ਦਾ ਇਹ ਨਿਤਾ ਪ੍ਰਤ ਦਾ ਵਿਹਾਰ ਬਣਿਆ ਹੋਇਆ ਸੀ। ਇਕ ਦਿਨ ਇਸ਼ਨਾਨ ਉਪਰੰਤ ਨਾਨਕ ਪਰਤਿਆ ਹੀ ਨਾ, ਅਤੇ ਨ ਮੋਦੀ ਖਾਨੇ ਦਾ ਬੂਹਾ ਖੁਲਿਆ। ਸਾਰਾ ਦਿਨ ਲੰਘ ਗਿਆ ਬਲਕਿ ਦੂਜੇ ਤੇ ਤੀਜੇ ਦਿਨ ਭੀ ਮੋਦੀ ਖਾਨਾ ਬੰਦ ਰਿਹਾ ਅਤੇ ਲੋਕਾਂ ਸਮਝਿਆ ਕਿ ਨਾਨਕ ਨਦੀ ਵਿਚ ਰੁੜ ਗਿਆ ਹੈ। ਸਾਰਾ ਸ਼ਹਿਰ ਸੁਲਤਾਨ ਪੁਰ ਨਾਨਕ ਦੇ ਇਉਂ ਅਲੋਪ

ਹੋ ਜਾਣ ਤੇ ਤਰਾਸ ੨ ਕਰ ਉਠਿਆ।

ਚੌਥ ਦਿਨ ਸਵੇਰੇ ਹੀ ਕਿਸੇ ਨੇ ਆ ਕੇ ਦਸਿਆਕਿ ਨਾਨਕ ਨਦੀ ਕੰਢ ਬੈਠਾ ਹੈ ਤੇ ਵਾਰ ਵਾਰ ਇਹੀ ਕਹੀ ਜਾਂਦਾ ਹੈ 'ਨ ਕੋਈ ਹਿੰਦੂ ਨ ਮੁਸਲਮਾਨ, ਨ ਕੋਈ ਹਿੰਦੂ ਨ ਮੁਸਲਮਾਨ' ਅਤੇ ਲੋਕਾਂ ਦੇ ਪੁਛਣ ਤੇ ਕਿ 'ਤੂੰ ਇਉਂ ਕਿਉਂ ਕਹਿੰਦਾ ਹੈ , ਹੋਰ ਕੋਈ ਜਵਾਬ ਨਹੀਂ ਦੇਂਦਾ ਅਤੇ ਨ ਕੋਈ ਗੱਲ ਹੀ ਕਰਦਾ ਹੈ। ਆਖਰ ਵਾਰ ਵਾਰ ਪੁਛੇ ਜਾਣ ਤੇ ਨਾਨਕ ਨੇ ਕਿਹਾ ਕਿ ਤੁਹਾਡੇ ਕਿਸੇ ਦੇ ਮੂੰਹ ਤੇ ਨਹੀਂ ਲਿਖਿਆ ਕਿ ਉਹ ਹਿੰਦੂ ਹੈ ਜਾਂ ਮੁਸਲਮਾਨ। ਤੁਹਾਡੇ ਸਾਰਿਆਂ ਦੇ ਮੂੰਹ ਅਖੀਂ ਨਕ ਕੰਨ ਸਰੀਰ ਇਕੋ ਜਹੇ ਹਨ ਤਾਂ ਤੁਸੀ ਕੋਈ ਹਿੰਦੂ ਤੇ ਕੋਈ ਮੁਸਲਮਾਨ ਕਿਵੇਂ ਬਣ ਗਏ। ਇਹ ਤਾਂ ਤੁਹਾਡੇ ਮੰਨ ਲੈਣ ਦੀ ਗਲ ਹੀ ਹੈ, ਹੋਰ ਕੁਝ ਨਹੀਂ। ਸਾਰ ਮਨੁਖ ਸ਼ਕਲ ਸੁਭਾਉ ਰਹਿਣੀ ਬਹਿਣੀ, ਵਰਤਣ ਵਿਹਰ ਵਿਚ ਇਕੋ ਜਿਹੇ ਸਨ। ਆਪਣਾ ਇਹ ਵਿਸ਼ਵਾਸ਼ ਕਿ, ਸਾਰੇ ਮਨੁਖ ਸਮਾਨ ਹਨ, ਲੋਕਾਂ ਨੂੰ ਦਿੜਾਉਣ ਲਈ ਨਾਨਕ ਜੀ ਨੇ ਆਪਣਾ ਜੀਵਨ ਸਾਥੀ ਇਕ ਮੁਸਲਮਾਨ ਮਿਰਾਸੀ ਮਰਦਾਨੇ ਨੂੰ ਬਣਾਇਆ ਜਿਸ ਦੇ ਹਥੋਂ ਹੀ ਰੋਟੀ ਪਾਣੀ ਅਤੇ ਖਾਣ ਵਾਲ ਹੋਰ ਪਦਾਰਥ ਲੈ ਕੇ ਖਾਂਦੇ। ਉਸ ਸਮਾਜ ਅੰਦਰ ਜਿਥੇ ਖਾਣ ਵਾਲੀ ਚੀਜ਼ ਨੂੰ ਮੁਸਲਮਾਨ ਦੇ ਛੋਹ ਜਾਣ ਦੀ ਵੀ ਹਿੰਦੂ ਭਿਟ ਮੰਨਦਾ ਸੀ। ਇਹ ਇਕ ਅਲੌਕਿਕ ਗੱਲ ਸੀ। ਕੀ ਨਾਨਕ ਦੇ 'ਨ ਕੋਈ ਹਿੰਦੂ ਨ ਮੁਸਲਮਾਨ' ਕਹਿਣ ਦਾ ਇਹੋ ਮਤਲਬ ਸੀ ?

ਇਸ ਤੋਂ ਥੋੜਾ ਪਿਛੋਂ ਨਾਨਕ ਜੀ ਜ਼ਿਲਾ ਲਾਹੌਰ ਦੇ ਇਕ ਕਸਬੇ ਏਮਨਾਬਾਦ ਗਏ ਅਤੇ ਲਾਲੋ ਨਾਮ ਦੇ ਸਜਣ

ਦੇ ਬੂਹੇ ਜਾ ਦਸਤਕ ਦਿਤੀ। ਲਾਲੋ ਤਰਖਾਣਾ ਕੰਮ ਕਰਿਆ ਕਰਦਾ ਸੀ। ਨਾਨਕ ਜੀ ਨੇ ਲਾਲੋ ਨੂੰ ਬਾਹਰ ਤੋਂ ਹੀ ਪੁਛਿਆ 'ਲਾਲੋ, ਕੀ ਪਿਆ ਕਰਦਾ ਏ ? ਅੰਦਰ ਤੋਂ ਜਵਾਬ ਆਇਆ' ਕਿੱਲੇ ਪਿਆ ਘੜਦਾ ਆਂ ਜੀ। ਨਾਨਕ ਜੀ ਨੇ ਪੁਛਿਆ 'ਸਾਰੀ ਉਮਰ ਕਿਲੇ ਹੀ ਘੜਦਾ ਰਹਿੰਗਾ। ਲਾਲੋ ਨੇ ਉਤਰ ਦਿਤਾ 'ਜੀ, ਮੈਂ ਤਾਂ ਆਪਣੇ ਵਡਿਆ ਤੋਂ ਕਿਲੇ ਘੜਨੇ ਹੀ ਸਿਖਿਆ ਹਾਂ ਤੇ ਇਹੋ ਕਾਰ ਕਰੀ ਜਾਂਦਾ ਹਾਂ। ਨਾਨਕ ਜੀ ਨੇ ਕਿਹਾ 'ਕਿੱਲੇ ਘੜਨਾ ਤੇਰ ਹਥ ਦੀ ਕਾਰ ਠੀਕ, ਪਰ ਸਾਰੀ ਉਮਰ ਕਿੱਲੇ ਈ ਘੜਦਾ ਰਹਿੰਗਾ ਕਦੀ ਆਪਣਾ ਮਨ ਵੀ ਘੜਿਆ ਈ ? ਲਾਲੋ ਨੂੰ ਕਿਹਾ।

'ਸਾਈਂ ਲੋਕੋ ਤੁਹਾਡਾ ਸਵਾਲ ਵਡਾ ਅਨੋਖਾ ਮੈਂ ਕੀ ਜਾਣਾ ਮਨ ਕਿਵੇਂ ਘੜੀਦਾ ਏ, ਤੁਸੀਂ ਮੈਨੂੰ ਮਨ ਘੜਣ ਦੀ ਜੁਗਤ ਦਸ ਦਿਉ ਮੈਂ ਮਨ ਘੜਣ ਲਗ ਜਾਵਾਂਗਾ। ਨਾਨਕ ਜੀ ਨੇ ਕਿਹਾ ਮਨ ਤਾਂ ਮਸਤਾਏ ਹੋਏ ਹਾਥੀ ਦੀ ਨਿਆਈ ਹੈ ਜੋ ਹਰ ਜਾਨਵਰ ਪਸ਼ੂ ਪੰਛੀ ਰੁਖ ਬਿਰਛ ਤੇ ਮਨੁਖ ਮਾਤਰ ਦੇ ਅੰਦਰ ਵਿਦਮਾਨ ਹੈ ਅਤੇ ਇਨਾਂ ਵਿਚੋਂ ਹਰ ਇਕ ਨੂੰ ਇਸ ਦਾ ਪੂਰਾ ਅਹਿਸਾਸ ਹੈ ਅਥਵਾ ਹਰ ਇਕ ਨੂੰ ਆਪਣੀ ਅੜਰੀ ਮੈਂ ਰਖਣ ਦਾ ਨਿਸਚਾ ਬਲਕਿ ਆਪਣੀ ਮੈਂ ਦਾ ਗੁਮਾਨ ਹੈ ਅਤੇ ਉਸ ਮੈਂ ਦੇ ਸਿਰ ਤੇ ਉਹ ਜੀਉਂਦਾ ਹੈ। ਜਦੋਂ ਇਸ ਦੀ ਇਹ ਮੈਂ ਖਤਮ ਹੋ ਜਾਂਦੀ ਹੈ ਤਾਂ ਇਸ ਦਾ ਅੰਤ ਹੋ ਜਾਂਦਾ ਹੈ ਬਲਕਿ ਇਸ ਦੀ ਮੈਂ ਹੀ ਇਸ ਦੀ ਜਿੰਦ ਜਾਨ ਹੈ :

'ਹਉ ਵਿਚ ਆਇਆ ਹਉ ਵਿਚ ਗਇਆ
ਹਉ ਵਿਚ ਜੰਮਿਆ ਹਉ ਵਿਚ ਮੁਆ'

ਹਉ ਵਿਚ ਦਿਤਾ ਹਉ ਵਿਚ ਲਇਆ

ਹਉ ਵਿਚ ਖਟਿਆ ਹਉ ਵਿਚ ਗਇਆ

ਹਉ ਵਿਚ ਸਚਿਆਰ ਕੂੜਿਆਰ, ਹਉ ਵਿਚ ਪਾਪ ਪੁੰਨ ਵੀਚਾਰ

ਹਉ ਵਿਚ ਨਰਕ ਸੁਰਗ ਅਵ ਤਾਰ

ਹਉ ਵਿਚ ਹਸੈ ਹਉ ਵਿਚ ਰੋਵੈ

ਹਉ ਵਿਚ ਭਰੀਐ ਹਉ ਵਿਚ ਧੋਵੈ

ਹਉ ਵਿਚ ਜਾਤੀ ਜਿਨਸੀ ਖੋਵੈ

ਹਉ ਵਿਚ ਮੂਰਖ ਹਉ ਵਿਚ ਸਿਆਣਾ

ਮੋਖ ਮੁਕਤ ਕੀ ਸਾਰ ਨ ਜਾਣਾ

ਮਨੁਖ ਨੇ ਆਪਣੇ ਅੰਦਰ ਦੀ ਹਉਂ ਨੂੰ ਸਮਝਣਾ ਅਤੇ ਇਸ ਦਾ ਸਹੀ ਪਰਯੋਗ ਕਰਨਾ ਹੈ ਇਸ ਮੈਂ ਨੂੰ ਆਪਣੇ ਉਪਰ ਸਵਾਰ ਨਹੀਂ ਹੋਣ ਦੇਣਾ ਬਲਕਿ ਇਹ ਹਉਂ ਕਦੀ ਆਪ ਤੋਂ ਬਾਹਰ ਨਾ ਹੋਵੇ ਇਹ ਮਨ ਦਾ ਘੜਨਾ ਹੈ ਜੋ ਮਨ ਨੂੰ ਇਉਂ ਘੜ ਲੈਂਦੇ ਅਥਵਾ ਆਪਣੀ ਹਉਂ ਨੂੰ ਆਪਣੇ ਕਾਬੂ ਵਿਚ ਕਰ ਲੈਂਦੇ ਅਤੇ ਹਉਂ ਦੀ ਗੁਲਾਮੀ ਨਹੀਂ ਕਰਦੇ ਉਨਾਂ ਦੇ ਮਨ ਘੜੇ ਜਾਂਦੇ ਅਤੇ ਓਨਾਂ ਨੂੰ ਨਿਰੰਕਾਰ ਦੇ ਕਰਣਿਆਂ ਦੀ ਸੂਝ ਪੈ ਜਾਂਦੀ ਹੈ :

'ਹਉਮੈ ਬੂਝੈ ਤਾਂ ਦਰਿ ਸੂਝੈ'

ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਹੀ ਇਕ ਤੁਕ ਅੰਦਰ ਹਉਮੈ ਦੇ ਪ੍ਰਭਾਵ ਤੋਂ ਬਚਣ ਦੇ ਦਾਰੂ ਦਾ ਨਿਰਣਾ ਇਉਂ ਦਿਤਾ ਹੈ :

'ਨਾਨਕ ਹੁਕਮੈ ਜੇ ਬੁਝੈ ਤਾ ਹਉਮੈ ਕਹੈ ਨ ਕੋਇ'

ਜੇਕਰ ਇਹ ਵਿਸ਼ਵਾਸ਼ ਦ੍ਰਿੜ ਹੋ ਜਾਵੇ ਕਿ :

'ਸਭ ਕਿਛੁ ਹੁਕਮੇ ਆਂਵਦਾ ਸਭ ਕਿਛੁ ਹੁਕਮੇ ਜਾਇ'

ਤਾਂ ਮਨੁਖ ਦੀ ਹਉਮੈ-ਮੈਂ ਹਾਂ, ਇਹ ਮੇਰਾ ਹੈ, ਇਹ ਮੈਂ ਕੀਤਾ ਹੈ ਦਾ ਵਿਚਾਰ ਰਹਿ ਹੀ ਨਹੀ ਜਾਂਦਾ। ਗੁਰ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿਚ ਹੀ ਦੋ ਸ਼ਬਦਾਂ ਹੁਕਮ ਅਤੇ ਹਉਮੈਂ ਦਾ ਪ੍ਰਯੋਗ ਕਰਕੇ ਨਿਸਚ ਕਰਾ ਦਿਤਾ ਹੈ ਕਿ 'ਹਉਮੈ ਕਾ ਮਾਰਣ ਹਰਿ ਨਾਮ ਹੈ' ਅਤੇ 'ਜੋ ਕਿਛੁ ਅਹੈ ਸਭ ਤੇਰੀ ਰਜਾਇ' ਅਤੇ 'ਮਾਨੁਖ ਕੀ ਟੇਕ ਬਿਰਥੀ ਸਭ ਜਾਣ-ਦੇਵਨ ਕਉ ਏਕੈ ਭਗਵਾਨ' ਇਉਂ ਏਮਨਾਬਾਦ ਭਾਈ ਲਾਲੋ ਨੂੰ ਮਨ ਦੇ ਘੜਣ ਦੀ ਸੂਝ ਬਖਸ਼ਦੇ ਹਏ ਸ੍ਰੀ ਗੁਰੂ ਨਾਨਕ ਜੀ ਕੁਝ ਸਮਾਂ ਉਸ ਪਾਸ ਰਹੇ। ਇਨਾਂ ਦਿਨਾਂ ਵਿਚ ਹੀ ਏਮਨਾਬਾਦ ਦੇ ਮਾਲਕ ਭਾਗੋ ਵਲੋਂ ਕੀਤੇ ਯਗ ਵਿਚ ਸ਼ਾਮਲ ਨ ਹੋਣ ਅਤੇ ਉਸ ਦੇ ਪੁਛੇ ਜਾਣ ਤੇ ਕਿ ਉਸ ਦੇ ਮਾਹਲ ਪੂੜੇ ਖਾਣ ਤੋਂ ਨਾਹ ਕਰਨ ਅਤੇ ਲਾਲੋ ਦੀ ਮਿਸੀ ਭਿਸੀ ਰੋਟੀ ਖਾਣ ਦਾ ਕੀ ਕਾਰਨ ਹੈ ਨਾਨਕ ਜੀ ਨੇ ਦਸਿਆ ਕਿ ਲਾਲੋ ਦੀ ਮਿਸੀ ਭਿਸੀ ਰੋਟੀ ਵਿਚ ਦੁਧ ਦਾ ਸਵਾਦ ਸੀ ਕਿਉਂਕਿ ਉਸ ਦੀ ਰੋਟੀ ਨੇਕ ਕਿਰਤ ਕਮਾਈ ਕਰ ਕੇ ਤਿਆਰ ਕੀਤੀ ਹੋਈ ਸੀ, ਜਦੋਂ ਕਿ ਭਾਗੋ ਦੇ ਮਾਹਲ ਪੂੜੇ ਗਰੀਬਾਂ ਦੀ ਲੁਟ ਖਸ਼ਟ ਦੀ ਕਮਾਈ ਤੋਂ ਤਲੇ ਹੋਏ ਨ।

ਇਸ ਪਿਛੋਂ ਨਾਨਕ ਜੀ ਏਮਨਾਬਾਦ ਤੋਂ ਵਿਦਾ ਹੋ ਗਏ ਅਤੇ ਭਾਰਤ ਦੇ ਬੋਧੀ ਅਤੇ ਜੈਨੀ ਵਸੋਂ ਵਾਲੇ ਇਲਾਕਿਆ ਅਤੇ ਅਫਗਾਨਸਤਾਨ ਈਰਾਨ ਤੇ ਮਕੇ ਮਦੀਨੇ ਦੇ ਮੁਸਲਮਾਨੀ ਦੇਸ਼ਾਂ ਅੰਦਰ ਖੁਦਾ ਦੀ ਖੁਦਾਈ ਅਤੇ ਮਨੁਖਤਾ ਦੀ ਭਾਈਬੰਦੀ ਪ੍ਰਚਾਰਦੇ ਰਹੇ।

ਅਸੀਂ ਨਨਕਾਣਾ ਸਾਹਿਬ ਦੀ ਗੱਲ ਕਰ ਰਹੇ ਸੀ ਜਿਥੇ ਨਾਨਕ ਜੀ ਨੇ ਆਪਣੀ ਅਵਸਥਾ ਦੇ ਪਹਿਲੇ ਕਈ

ਸਾਲ ਬਿਤਾਏ ਸਨ ਉਸ ਪਿੱਛੋਂ ਸੁਲਤਾਨਪੁਰ ਮੋਦੀ ਖਾਨੇ ਦੀ ਵਾਰਤਾ, ਉਪਰੰਤ ਨ ਕੋਈ ਹਿੰਦੂ ਨ ਮੁਸਲਮਾਨ ਦੇ ਵਿਸ਼ਵਾਸ਼ ਦ੍ਰਿੜ ਕਰਾਉਣ ਹਿਤ ਨੀਚ ਜਾਤ ਮਿਰਾਸੀ ਮੁਸਲਮਾਨ ਨੂੰ ਆਪਣਾ ਪਕਾ ਜੀਵਨ ਸਾਥੀ ਬਨਾਉਣਾ ਅਤੇ ਉਸ ਦੇ ਹਥੋਂ ਹੀ ਆਪਣਾ ਖਾਣਾ ਦਾਣਾ ਲੈ ਕੇ ਖਾਣਾ ਪੀਣਾ ਇਹ ਸਾਰਾ ਕੁਝ ਉਸ ਸਮਾਜ ਅੰਦਰ ਕੀਤਾ ਜਾ ਰਿਹਾ ਸੀ ਜਿਥੇ ਮੁਸਲਮਾਨ ਦੀ ਛੋਹ ਤੋਂ ਹੀ ਹਿੰਦੂ ਦੇ ਰੋਟੀ ਤੇ ਖਾਣ ਵਾਲੇ ਪਦਾਰਥਾਂ ਦੀ ਭਿਟ ਮੰਨੀ ਜਾਂਦੀ ਸੀ ਵਡੀ ਅਲੋਕਕ ਗਲ ਸੀ। ਇਹ ਸਾਰਾ ਸਮਾਂ ਤਲਵੰਡੀ ਵਸਦਾ ਰਿਹਾ ਜਾਂ ਉਜੜ ਗਿਆ, ਇਸ ਬਾਰੇ ਨਿਸਚੇ ਤੌਰ ਕੁਝ ਨਹੀਂ ਕਿਹਾ ਜਾ ਸਕਦਾ। ਪਰ ਸਮੇਂ ਨਾਲ ਜਦੋਂ ਤਲਵੰਡੀ ਦੀ ਮਹਤੱਤਾ ਵਧ ਗਈ ਜੋ ਨਾਨਕ ਜੀ ਦੇ ਜਨਮ ਹੋਣ ਸਦਕਾ ਹੋਈ ਸੀ ਤਾਂ ਤਲਵੰਡੀ ਨੂੰ (ਨਾਨਕ ਆਇਣ) ਜਾਂ ਨਨਕਾਣੇ ਦਾ ਨਾਮ ਦਿਤਾ ਗਿਆ।

ਨਾਨਕ ਜੀ ਦੇਸ਼ ਅਤੇ ਪਰਦੇਸਾਂ ਅੰਦਰ ਕਾਫੀ ਲੰਬਾ ਸਮਾਂ ਮਨੁਖੀ ਸਮਾਨਤਾ ਦ੍ਰਿੜ ਕਰਾਉਂਦੇ ਸੰਨ 1521 ਵਿਚ ਵਾਪਸ ਪੰਜਾਬ ਆਏ ਅਤੇ ਲਾਲੋ ਨੂੰ ਮਿਲਣ ਤਲਵੰਡੀ ਨਨਕਾਣਾ ਸਾਹਿਬ ਗਏ ਇਹ ਬਾਬਰ ਦੇ ਭਾਰਤ ਉਪਰ ਹਮਲੇ ਦਾ ਸਮਾਂ ਸੀ ਜਦੋਂ ਅਣਗਿਣਤ ਲੋਕ ਮਾਰੇ ਅਤੇ ਬਾਕੀ ਦਿਆਂ ਨੂੰ ਬਾਬਰ ਦੀਆਂ ਫੌਜਾਂ ਵਾਸਤੇ ਚਕੀਆਂ ਪੀਸਣ ਲਾਏ ਗਏ ਹੋਇ ਸਨ। ਨਾਨਕ ਜੀ ਤੇ ਮਰਦਾਨਾ ਵੀ ਆਟਾ ਪੀਸਣ ਲਾਏ ਗਏ ਸਨ। ਨਾਨਕ ਜੀ ਦੀ ਅਵਸਥਾ ਇਸ ਵੇਲੇ 52 ਸਾਲ ਦੀ ਸੀ। ਇਸ ਤੋਂ ਛੇਤੀ ਪਿਛੋ ਉਨਾਂ ਰਾਵੀ ਕੰਢੇ ਕਰਤਾਰਪੁਰ ਨਾਮ ਦੀ ਆਬਾਦੀ ਵਸਾਈ ਅਤੇ ਉਥੇ ਆਪਣੀ ਰਿਹਾਇਸ਼ ਕਰ ਲਈ।

ਇਸ ਪਿਛੋਂ ਲਗ ਭਗ ਤਿੰਨ ਸੋ ਸਾਲ ਨਨਕਾਣਾ ਨਾਮ ਦਾ ਸਥਾਨ ਰਿਹਾ ਜਾਂ ਨਹੀਂ ਬਾਰੇ ਕੇਵਲ ਏਨਾ ਹੀ ਦਸਿਆ ਜਾਂਦਾ ਹੈ ਕਿ ਸੋਲਵੀਂ ਸਦੀ ਦੇ ਅੰਤਲੇ ਸਾਲਾਂ ਵਿਚ ਪੰਜਵੇ ਗੁਰੂ ਸਾਹਿਬ ਗੁਰੂ ਅਰਜਨ ਦੇਵ ਜੀ ਨੇ ਮਹਿਤਾ ਕਾਲੂ ਦੇ ਕਠੇ ਜਿਥੇ ਨਾਨਕ ਜੀ ਦਾ ਜਨਮ ਹੋਇਆ ਸੀ ਦਾ ਨਿਸ਼ਾਨ ਦਿਤਾ । ਇਸ ਪਿਛੇ ਸੰਨ 1818–1819 ਵਿਚ ਮੁਲਤਾਨ ਦੀ ਜਿਤ ਪਿੱਛੋਂ ਮਹਾਰਾਜਾ ਰਣਜੀਤ ਸਿੰਘ ਇਥੇ ਆਏ ਅਤੇ ਇਸ ਥਾਉਂ ਨਾਲ ਸੰਬੰਧਤ ਗੁਰਦੁਆਰਿਆਂ ਦੀਆਂ ਇਮਾਰਤਾਂ ਤਾਮੀਰ ਕਰਨ ਦਾ ਹੁਕਮ ਦਿਤਾ ਅਤੇ ਵੀਹ ਹਜ਼ਾਰ ਏਕੜ ਦੇ ਲਗ ਭਗ ਜ਼ਮੀਨ ਗੁਰਦੁਆਰਿਆਂ ਅਤੇ ਗੁਰੂ ਕੇ ਲੰਗਰ ਲਈ ਅਰਦਾਸ ਕਰਾਈ ਜਿਸ ਨੇ ਗੁਰਦੁਆਰਿਆਂ ਦੇ ਮੰਹਤਾ ਦੀਆਂ ਆਮਦਨਾ ਬਹੁਤ ਵਧਾ ਦਿਤੀਆਂ ਖਾਸ ਕਰ ਅੰਗਰੇਜ਼ ਦੀ ਹਕੂਮਤ ਸਮੇਂ ਨਹਿਰਾਂ ਦੇ ਚਾਲੂ ਹੋ ਜਾਣ ਨੇ ਐਸਟੇਟ ਦੀ ਆਮਦਨੀ ਕਈ ਗੁਣਾ ਕਰ ਦਿਤੀ ਅਤੇ ਗੁਰਦੁਆਰਿਆਂ ਦੇ ਮਹੰਤ ਖੁਲ ਖੇਡਣ ਲਗ ਗਏ । ਜਨਮ ਅਸਥਾਨ ਦੇ ਮਹੰਤ ਨਰੈਣ ਦਾਸ ਨੇ ਖੁਲੇ ਤੌਰ ਇਕ ਮੁਸਲਮਾਨੀ ਘਰ ਪਾ ਲਿਆ । ਬਲਕਿ ਵੇਲੇ ਕਵੇਲੇ ਗੁਰਦੁਆਰੇ ਦਰਸ਼ਨ ਨੂੰ ਆਈਆਂ ਬੀਬੀਆਂ ਦੀ ਇਜਤ ਵੀ ਮਹਿਫੂਜ ਨ ਰਹੀ ।

ਗੁਰਦੁਆਰਿਆਂ ਦੀ ਅਜੇਹੀ ਦਸ਼ਾ ਤੇ ਵਿਚਾਰ ਕਰਨ ਲਈ 15 ਨਵੰਬਰ 1920 ਨੂੰ ਚੋਣਵੇਂ ਸੂਝਵਾਨ ਸਿਖਾਂ ਦੀ ਇਕ ਇਕਤਰਤ ਅਮ੍ਰਿਤਸਰ ਹੋਈ ਅਤੇ ਸਰਬ ਸੰਮਤੀ ਨਾਲ ਫ਼ੈਸਲਾ ਕੀਤਾ ਗਿਆ ਕਿ ਸਿਖ ਜਥਾ ਬਿਲਾ ਅਗੋਂ ਹਥ ਉਠਾਏ ਤੇ ਮੁਕਾਬਲਾ ਕਰੇ । ਗੁਰਦੁਆਰਾ ਜਨਮ

ਅਸਥਾਨ ਨਨਕਾਣਾ ਸਾਹਿਬ ਦਾ ਕਬਜ਼ਾ ਕਰੇ ਅਤੇ ਮਹੰਤ ਵਲੋਂ ਮੁਕਾਬਲਾ ਹੋਣ ਦੀ ਸੂਰਤ ਵਿਚ ਬਿਨਾ ਅਗੋਂ ਹਥ ਉਠਾਇ ਮਹੰਤ ਦੇ ਵਾਰ ਸਹਿਣ ਇਸ ਫੈਸਲੇ ਮੁਤਾਬਕ ਪਿੰਡ ਧਾਰੋਵਾਲ ਜ਼ਿਲਾ ਸ਼ੇਖਪੁਰਾ ਦੇ 130 ਸਿੰਘਾਂ ਦਾ ਜਥਾ 20 ਫਰਵਰੀ 1921 ਸਵੇਰੇ ਗੁ: ਜਨਮ ਅਸਥਾਨ ਦਾਖਲ ਹੋ ਗਿਆ ।

ਮਹੰਤ ਨਰੈਣ ਦਾਸ ਨੇ ਆਪਣੇ ਰਖੇ ਹੋਏ ਪਠਾਨਾਂ ਅਤੇ ਹੋਰ ਆਦਮੀਆਂ ਰਾਹੀਂ ਗੁਰਦੁਆਰੇ ਦੀ ਚੌਖੰਡੀ ਦੇ ਅੰਦਰ ਤੇ ਬਾਹਰ ਬੈਠੇ ਸਾਰੇ ਸਿੰਘਾਂ ਨੂੰ ਗੋਲੀਆਂ ਮਾਰ ਮਾਰ ਫਟੜ ਕਰ ਦਿਤਾ ਜਾਂ ਜਾਨੋਂ ਮਾਰ ਦਿਤੇ ਅਤੇ ਫੇਰ ਸਾਰਿਆਂ ਨੂੰ ਭਾਵੇ ਕੋਈ ਜਖਮੀ ਜਾ ਸ਼ਹੀਦ ਹੋ ਚੁਕਾ ਸੀ ਤਿੰਨ ਢੇਰਾਂ ਵਿਚ ਇਕਠਾ ਕਰ ਅਤੇ ਲਕੜ ਕਾਠ ਜੋ ਮਿਲਿਆ ਉਨਾਂ ਉਪਰ ਸੁਟ ਅਤੇ ਮਿਟੀ ਦਾ ਤੇਲ ਪਾ ਕੇ ਫੂਕ ਦਿਤਾ ।

ਇਹ ਖਬਰ ਜੰਗਲ ਦੀ ਅਗ ਵਾਂਗ ਸਾਰ ਫੈਲ ਗਈ ਅਤੇ 21 ਫਰਵਰੀ ਦੀ ਸ਼ਾਮ ਤਕ ਭਾਈ ਕਰਤਾਰ ਸਿੰਘ ਝਬਰ ਦੀ ਜਥੇਦਾਰੀ ਹੇਠ 2200ਸਿੰਘਾਂ ਦਾ ਜਥਾ ਨਨਕਾਣਾ ਸਾਹਿਬ ਪੁਜ ਗਿਆ ਸੀ । ਇਸ ਤੋਂ ਪਹਿਲੋਂ ਲਾਹੌਰ ਦਾ ਕਮਿਸ਼ਨਰ ਉਥੇ ਪੁਜ ਚੁਕ ਸੀ ਅਤੇ ਉਸ ਨੇ ਪੰਜਾਬ ਸਰਕਾਰ ਵੱਲੋ ਜਨਮ ਅਸਥਾਨ ਦਾ ਪ੍ਰਬੰਧ ਤੇ ਕਬਜ਼ਾ ਜਨਰਲ ਸ਼ਾਮ ਸਿੰਘ ਅਟਾਰੀ ਦੇ ਖਾਨਦਾਨ ਵਿਚੋਂ ਹਰਬੰਸ ਸਿੰਘ ਅਧੀਨ ਸਤ ਸਿੱਖਾਂ ਦੀ ਕਮੇਟੀ ਦੇ ਸੁਪਰਦ ਕਰ ਦਿਤਾ ਸੀ । ਨਨਕਾਣਾ ਸਾਹਿਬ ਦੇ ਬਾਕੀ ਗੁਰਦੁਆਰਿਆਂ ਦਾ ਕਬਜ਼ਾ ਸੰਬੰਧਤ ਮਹੰਤਾਂ ਨੀ ਕਮੇਟੀ ਨੂੰ ਦੇ ਦਿਤਾ ਹੋਇਆ ਸੀ।